



# ਆਧੁਨਿਕ ਪੰਜਾਬੀ ਕਵੀਆਂ ਦਾ ਗੀਤਾ ਸੰਗ ਸੰਵਾਦ

ਕੁਰੂਕਸ਼ੇਤਰ ਦੀ ਰਣ-ਭੂਮੀ ਵਿਚ ਯੁੱਧ ਤੋ ਪਹਿਲਾਂ ਆਪਣੇ ਵੱਡੇ ਵਡੇਰਿਆਂ ਅਤੇ ਗੁਰੂ ਜਨਾਂ ਨੂੰ ਵੈਰੀਆਂ ਦੀ ਸਫ਼ ਵਿਚ ਖਲੋਤਿਆਂ ਦੇਖ ਕੇ ਅਰਜੁਨ ਯੁੱਧ ਲੜਨ ਤੋਂ ਇਨਕਾਰੀ ਹੋ ਗਿਆ। ਅਰਜੁਨ ਦੇ ਸਾਰਥੀ ਬਣੇ ਕ੍ਰਿਸ਼ਨ ਨੇ ਉਪਦੇਸ਼ ਦੇ ਕੇ ਉਸ ਨੂੰ ਮੁੜ ਯੁੱਧ ਲਈ ਤਿਆਰ ਕੀਤਾ। ਇਸ ਉਪਦੇਸ਼ ਨੂੰ ਹੀ ਸ਼੍ਰੀਮਦ ਭਗਵਤ ਗੀਤਾ ਦਾ ਨਾਮ ਦਿੱਤਾ ਗਿਆ ਹੈ ਤੇ ਇਸ ਨੂੰ ਹਿੰਦੂ ਮੱਤ ਦਾ ਸਭ ਤੋਂ ਪਵਿੱਤਰ ਗ੍ਰੰਥ ਮੰਨਿਆ ਜਾਂਦਾ ਹੈ। ਈਸ਼ਵਰ ਗੀਤਾ, ਅਨੰਤ ਗੀਤਾ, ਵਿਆਸ ਗੀਤਾ ਅਤੇ ਹਰਿ ਗੀਤਾ ਆਦਿ ਨਾਵਾਂ ਨਾਲ ਵੀ ਇਸ ਨੂੰ ਸਤਿਕਾਰਿਆ ਜਾਂਦਾ ਹੈ। ਅਨੇਕ ਦਾਰਸ਼ਨਿਕਾਂ, ਵਿਦਵਾਨਾਂ ਅਤੇ ਅਨੇਕ ਸੰਤਾਂ ਮਹਾਤਮਾਂ ਨੇ ਸ਼੍ਰੀਮਦ ਭਗਵਦ ਗੀਤਾ ਦੇ ਗੂੜ੍ਹ ਗਿਆਨ ਦੀ ਵਿਆਖਿਆ ਕੀਤੀ ਹੈ। ਆਦਿ ਸ਼ੰਕਰ ਦੀ ਗੀਤਾ-ਵਿਆਖਿਆ ਨੂੰ ਪਹਿਲੀ ਉਪਲੱਬਧ ਵਿਆਖਿਆ ਮੰਨਿਆ ਜਾਂਦਾ ਹੈ ਪਰ ਉਸ ਵਿਆਖਿਆ ਵਿਚ ਉਸ ਤੋਂ ਪਹਿਲੀਆਂ ਕਈ ਵਿਆਖਿਆਵਾਂ ਦਾ ਹਵਾਲਾ ਵੀ ਮਿਲਦਾ ਹੈ। ਆਧੁਨਿਕ ਸਮੇਂ ਵਿਚ ਅਰਬਿੰਦੂ, ਬਾਲ ਗੰਗਾਧਰ ਤਿਲਕ, ਸਰਵਪੱਲੀ ਰਾਧਾ ਕ੍ਰਿਸ਼ਨਨ, ਮਹਾਤਮਾ ਗਾਂਧੀ ਅਤੇ ਵਿਨੋਬਾ ਭਾਵੇ ਅਨੇਕ ਵਿਆਖਿਆਕਾਰਾਂ ਵਿਚੋਂ ਕੁਝ ਉੱਘੇ ਨਾਮ ਹਨ।

ਆਧੁਨਿਕ ਪੰਜਾਬੀ ਕਾਵਿ ਵਿਚ ਗੀਤਾ ਦਾ ਸਭ ਤੋਂ ਪਹਿਲਾ ਜ਼ਿਕਰ ਧਨੀ ਰਾਮ ਚਾਤ੍ਰਿਕ ਦੇ ਗੀਤ ਕ੍ਰਿਸ਼ਨ ਮੁਰਾਰੀ ਵਿਚ ਆਉਂਦਾ ਹੈ ਜਿਸ ਵਿਚ ਉਹ ਗੀਤਾ ਨੂੰ ਹਿੰਮਤ ਹਾਰ ਬੈਠੇ ਤੇ ਸੱਚ ਦੇ ਮਾਰਗ ਤੋ ਬੇਮੁਖ ਹੋਏ ਲੋਕਾਂ ਦਾ ਕਾਇਆ ਕਲਪ ਕਰ ਸਕਣ ਵਾਲਾ ਬਹੁਤ ਵੱਡਾ ਪ੍ਰੇਰਣਾ ਸ੍ਰੋਤ ਮੰਨਦੇ ਹਨ :

*ਆ ਜਾ ਕ੍ਰਿਸ਼ਨ ਮੁਰਾਰੀ ਆ ਜਾ*
*ਬ੍ਰਿਜਮੋਹਨ ਗਿਰਧਾਰੀ ਆ ਜਾ*

*ਚਿਰ ਹੋਇਆ ਬਣਿਆਂ ਰਥਵਾਹੀ*
*ਅਰਜਨ ਨੂੰ ਗੀਤਾ ਸਮਝਾਈ*
*ਹਿੰਮਤ ਹਾਰਿਆਂ ਦੀ ਬਾਂਹ ਫੜ ਕੇ*
*ਪੁਰਸ਼ਾਰਥ ਦੀ ਰਾਹ ਤੇ ਪਾ ਜਾ*
*ਆ ਜਾ ਕ੍ਰਿਸ਼ਨ ਮੁਰਾਰੀ ਆ ਜਾ।*[1]



**ਡਾ. ਸੁਨੀਤਾ ਰਾਣੀ**
ਅਸਿਸਟੈਂਟ ਪ੍ਰੋਫ਼ੈਸਰ
ਸਰਕਾਰੀ ਰਿਪੁਦਮਨ ਕਾਲਜ ਨਾਭਾ
95017-37937
riyanaman2007@gmail.com

ਮਸ਼ਹੂਰ ਵਾਰਕਾਰ ਹਰਿੰਦਰ ਸਿੰਘ ਰੂਪ ਆਪਣੀ ਕਵਿਤਾ 'ਗੀਤਾ' ਵਿਚ ਗੀਤਾ ਦੀ ਪ੍ਰੇਰਣਾਮਈ ਸ਼ਕਤੀ ਦਾ ਬਿਆਨ ਆਪਣੇ ਵਿਸ਼ੇਸ਼ ਜੋਸ਼ੀਲੇ ਅੰਦਾਜ਼ ਵਿਚ ਕਰਦਿਆਂ ਆਖਦਾ ਹੈ ਕਿ ਜਿਹੜਾ ਇਨਸਾਨ ਆਪਣੇ ਹੱਕ ਲਈ ਜਾਨ ਵਾਰਨ ਲਈ ਤਿਆਰ ਨਹੀਂ ਹੁੰਦਾ, ਉਸਦੇ ਪੱਲੇ ਹਮੇਸ਼ਾ ਖੁਆਰੀ ਹੀ ਪੈਂਦੀ ਹੈ। ਰੂਪ ਆਪਣੀ ਇਸ ਕਵਿਤਾ ਵਿਚ ਮਾਨਵ ਦੇਹੀ ਨੂੰ ਕੇਵਲ ਚੋਲ਼ਾ ਕਹਿਣ ਦੇ ਕ੍ਰਿਸ਼ਨ-ਉਪਦੇਸ਼ ਨੂੰ ਵੀ ਦ੍ਰਿੜਾਉਂਦਾ ਹੈ :

*ਬੋਲੀ ਗੀਤਾ ਖੜਕ ਕੇ ਪਹਿਲੀ ਹੀ ਵਾਰੀ*

*ਹੱਕ ਲਈ ਇਨਸਾਨ ਨੇ ਜੇ ਜਿੰਦ ਨਾ ਵਾਰੀ*
*ਪੱਲੇ ਪੈਣੀ ਏਸ ਦੇ ਹਰਦਮ ਖੁਆਰੀ*
*ਕੀਤੀ ਕਤਰੀ ਖੂਹ ਪਊ, ਮਾਨੁੱਖ ਦੀ ਸਾਰੀ*

*ਰੂਹ ਕਦੇ ਮਰਦੀ ਨਹੀਂ, ਉਸ ਦੱਸਿਆ ਆ ਕੇ*
*ਹੋਇਆ ਕੀ ਜੇ ਬਦਲਿਆ, ਤਨ ਚੋਲਾ ਜਾ ਕੇ*
*ਅਰਜਨ ਮਾਰੇ ਸੂਰਮੇ ਵੱਡ ਜੋਧ ਲੜਾਕੇ*
*ਛੱਡਿਆ ਹੱਥੋਂ ਧੁਣਖ ਨਾ ਫਿਰ ਢੇਰੀ ਢਾ ਕੇ*
*ਦੱਸਿਆ ਇਕ ਮਨੁੱਖ ਨੇ ਇਨਸਾਨ ਬਣਾ ਕੇ।*[2]

ਬਰਕਤ ਰਾਮ ਯੁਮਨ ਆਪਣੀ ਕਵਿਤਾ 'ਪਵਿੱਤਰ ਗੀਤਾ' ਵਿਚ ਬੜੇ ਵਿਸਥਾਰ ਨਾਲ ਗੀਤਾ ਦੇ ਮਹੱਤਵ ਅਤੇ ਮਹਿਮਾ ਦਾ ਗੁਣਗਾਨ ਕਰਦਿਆਂ ਇਸ ਨੂੰ ਦੁਨੀਆ ਦੀ ਬੇਮਿਸਾਲ ਪੁਸਤਕ ਆਖਦਾ ਹੈ ਜਿਹੜੀ ਮਨ ਵਿਚੋਂ ਅਗਿਆਨ ਅਤੇ ਮੌਤ ਦੇ ਭੈਅ ਨੂੰ ਦੂਰ ਕਰ ਦੇਂਦੀ ਹੈ :

*ਸੁਹਣੇ ਤੌਰ ਤਰੀਕੇ ਦੇ ਨਾਲ ਖੋਲ੍ਹੇ, ਰਮਜ਼ਾਂ ਗੁੱਝੀਆਂ ਗੂੜ੍ਹ ਭਲੇਰੀਆਂ ਨੂੰ*
*ਗੀਤਾ ਮੌਤ ਦਾ ਭੈ ਨਹੀਂ ਰਹਿਣ ਦਿੰਦੀ, ਪੈਦਾ ਦਿਲਾਂ ਵਿਚ ਕਰੇ ਦਲੇਰੀਆਂ ਨੂੰ*
*ਸੂਰਜ ਗਿਆਨ ਦਾ ਚਾੜ੍ਹ ਪ੍ਰਕਾਸ਼ ਕਰਦੈ, ਦਿਨ ਬਣਾਉਂਦੀ ਏ ਰਾਤਾਂ ਹਨ੍ਹੇਰੀਆਂ ਨੂੰ*
*ਇਹਦੇ ਨਾਲ ਦੀ ਪੁਸਤਕ ਨਹੀਂ ਕਿਤੇ ਲੱਭਣੀ ਵੇਖੋ ਫੋਲ ਲੱਖਾਂ ਲਾਇਬਰੇਰੀਆਂ ਨੂੰ*

*ਜਿਸ ਨੇ ਪੜ੍ਹੀ ਤੇ ਪੜ੍ਹ ਕੇ ਵਿਚਾਰ ਕੀਤਾ, ਔਖਾ ਵਕਤ ਉਹਨੂੰ ਕਦੇ ਜਾਪਿਆ ਨਹੀਂ*
*ਜਿਸ ਦੇ ਰਿਦੇ ਵਿਚ ਇਹਦਾ ਪ੍ਰਕਾਸ਼ ਹੋਇਆ, ਦੁੱਖ ਉਸ ਨੂੰ ਕਦੇ ਵਿਆਪਿਆ ਨਹੀਂ*
*ਕੋਈ ਪੜ੍ਹਾ ਨਾ ਪੜ੍ਹ ਪਰ ਕੌਣ ਏ ਐਸਾ, ਜਿਸ ਮੁਕਤਿ ਦਾਤਾ ਇਹਨੂੰ ਥਾਪਿਆਂ ਨਹੀਂ*
*ਕਿਹੜਾ ਦੇਸ਼ ਜਾਂ ਕੌਮ ਏਂ ਜੱਗ ਅੰਦਰ, ਜਿਸ ਨੇ ਤਰਜਮਾ ਏਸ ਦਾ ਛਾਪਿਆ ਨਹੀਂ।*[3]

ਗੀਤਾ ਉਪਦੇਸ਼ ਦਾ ਸਭ ਤੋਂ ਵੱਧ ਵਿਸਥਾਰ ਵਾਲਾ ਵਰਣਨ ਸਾਨੂੰ ਪ੍ਰਸ਼ੋਤਮ ਲਾਲ ਵਹਿਸ਼ੀ ਦੀ ਕਵਿਤਾ 'ਮੁਰਲੀ ਮਨੋਹਰ' ਵਿਚ ਮਿਲਦਾ ਹੈ। ਵੈਰੀ ਦੀਆਂ ਸਫ਼ਾਂ ਵਿਚ ਆਪਣੇ ਦਾਦਾ ਭੀਸ਼ਮ ਪਿਤਾਮਾ ਤੇ ਆਪਣੇ ਗੁਰੂ ਦ੍ਰੋਣਾਚਾਰਯ ਨੂੰ ਦੇਖ ਕੇ ਅਰਜਨ ਦਾ ਦਿਲ ਯੁੱਧ ਲੜਨ ਤੋਂ ਇਨਕਾਰੀ ਹੋ ਜਾਂਦਾ ਹੈ ਤਾਂ ਕ੍ਰਿਸ਼ਨ ਉਸ ਨੂੰ ਬਹੁਤ ਦਲੀਲਾਂ ਦੇ ਕੇ ਮੁੜ ਯੁੱਧ ਲਈ ਪ੍ਰੇਰਿਤ ਕਰਦੇ ਹਨ। ਕ੍ਰਿਸ਼ਨ ਦੀਆਂ ਇਨ੍ਹਾਂ ਦਲੀਲਾਂ ਨੂੰ, ਜੋ ਕਿ ਸ਼੍ਰੀਮਦ ਭਗਵਤ ਗੀਤਾ ਦਾ ਹਿੱਸਾ ਹਨ, ਬਹੁਤ ਵਿਸਥਾਰ ਨਾਲ ਪ੍ਰਸ਼ੋਤਮ ਲਾਲ ਵਹਿਸ਼ੀ ਆਪਣੀ ਕਵਿਤਾ ਦਾ ਹਿੱਸਾ ਬਣਾਉਂਦੇ ਹਨ :

*ਅਮਰ ਆਤਮਾ ਏ ਇਸ ਨੇ ਅਮਰ ਰਹਿਣੈ, ਇਸਦਾ ਕੁਝ ਨਹੀਂ ਵਿਗਾੜਿਆ ਜਾ ਸਕਦਾ*
*ਐਟਮ ਬੰਬ ਦੀ ਕਰੋ ਬੁਛਾੜ ਭਾਂਵੇਂ ਇਹਨੂੰ ਕਦੇ ਨਹੀਂ ਸਾੜਿਆ ਜਾ ਸਕਦਾ*
*ਇਹਨੂੰ ਕਿਸੇ ਵੀ ਪਿੰਜਾਰੇ ਪਾ ਭਾਂਵੇਂ ਕਿਸੇ ਵੇਲੇ ਨਹੀਂ ਤਾੜਿਆ ਜਾ ਸਕਦਾ*
*ਉੱਠਣ ਵੱਡੇ ਤੋਂ ਵੱਡੇ ਤੂਫ਼ਾਨ ਲੱਖਾਂ, ਇਹਨੂੰ ਨਹੀਂ ਲਿਤਾੜਿਆ ਜਾ ਸਕਦਾ*
*ਲਾ ਲਏ ਅਰਜਨ ਰੱਜ ਕੇ ਜ਼ੋਰ ਕੋਈ, ਨਾਸ਼ ਨਹੀਂ ਹੋ ਸਕਦਾ ਆਤਮਾ ਦਾ*
*ਜੋਤੀ ਜੋਤ ਦੀ ਇਸ ਵਿਚ ਹੈ ਜੋਤੀ, ਇਹਦੇ ਵਿਚ ਹੈ ਅੰਸ਼ ਪਰਮਾਤਮਾ ਦਾ।*[4]

ਕ੍ਰਿਸ਼ਨ ਨੇ ਮੂੰਹ ਖੋਲ੍ਹ ਕੇ ਅਰਜਨ ਨੂੰ ਵਿਰਾਟ ਦਰਸ਼ਨ ਕਿਵੇਂ ਦਿੱਤੇ, ਉਹ ਦ੍ਰਿਸ਼ ਵੀ ਇਸ ਕਵਿਤਾ ਵਿਚ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਿਆ ਮਿਲਦਾ ਹੈ। ਇਹ ਦ੍ਰਿਸ਼ ਚਿਤ੍ਰਣ ਵਾਲੀ ਇਹ ਪੰਜਾਬੀ ਦੀ ਹੁਣ ਤਕ ਦੀ ਇੱਕੋ ਇਕ ਕਵਿਤਾ ਹੈ :

*ਮੂੰਹ ਖੋਲ੍ਹਿਆ ਜਦੋਂ ਗੋਪਾਲ ਅਪਣਾ, ਓਦੋਂ ਅਰਜਨ ਨੇ ਕੌਤਕ ਕਮਾਲ ਤੱਕਿਆ*
*ਪੈਰ ਪੈਰ ਤੇ ਲਾਸ਼ਾਂ ਦੇ ਢੇਰ ਤੱਕੇ, ਪੈਰ ਪੈਰ ਤੇ ਨੱਚਦਾ ਕਾਲ ਤੱਕਿਆ*
*ਮੋਏ ਪਏ ਸਨ ਵੱਡੇ ਸਿਰਲੱਥ ਥਾਂ ਥਾਂ , ਜੰਗੀ ਯੋਧਿਆਂ ਦਾ ਮੰਦਾ ਹਾਲ ਤੱਕਿਆ*
*ਕੁਰੁਕਸ਼ੇਤਰ ਦਾ ਜੰਗੀ ਮੈਦਾਨ ਉਹਨੇ ਰੱਤੋ ਰੱਤ ਹੋਇਆ ਰੱਤ ਦੇ ਨਾਲ ਤੱਕਿਆ*

*ਦਮ ਬੁੱਲ੍ਹਾਂ ਤੇ ਆਣ ਕੇ ਅਟਕਿਆ ਸੀ ਕਰਨ ਜਿਹੇ ਦਿਲਾਵਰਾਂ ਦਾਨੀਆਂ ਦਾ*
*ਭੀਸ਼ਮ ਪਿਆ ਸੀ ਤੀਰਾਂ ਦੀ ਸੇਜ ਉੱਤੇ, ਹਸ਼ਰ ਇਹੋ ਸੀ ਵੱਡੇ ਅਭਿਮਾਨੀਆਂ ਦਾ*

*ਫਟਾ ਫਟ ਅਰਜਨ ਅੱਖਾਂ ਮੀਟ ਲਈਆਂ, ਵਿਰਾਟ ਰੂਪ ਦੀ ਦੇਖ ਤਸਵੀਰ ਕੰਬਿਆ*
*ਪਈ ਥਰਥਰੀ ਉਹਦੇ ਵਜੂਦ ਅੰਦਰ, ਬੈਂਤ ਵਾਂਗਰਾਂ ਸਾਰਾ ਸਰੀਰ ਕੰਬਿਆ*
*ਹਸ਼ਰ ਦੇਖ ਕੇ ਵੱਡੇ ਅਭਿਮਾਨੀਆਂ ਦਾ ਉਹਦੀਆਂ ਅੱਖਾਂ ਚੋ ਡਲ੍ਹਕਦਾ ਨੀਰ ਕੰਬਿਆ*
*ਅਰਜਨ ਕਿਹਾ ਭਗਵਾਨ ਕਰ ਬੰਦ ਕੌਤਕ, ਇੱਥੋਂ ਤੀਕ ਉਹ ਅੰਤ ਅਖ਼ੀਰ ਕੰਬਿਆ*
*ਕ੍ਰਿਸ਼ਨ ਆਖਿਆ ਅਰਜਨ ਤਿਆਰ ਹੋ ਜਾ, ਬੁਜ਼ਦਿਲ ਬਣ ਕੇ ਹਿੰਮਤ ਕਿਉਂ ਹਾਰਨਾ ਏਂ*
*ਯਸ਼ ਖੱਟ ਲੈ ਜੇਕਰ ਤੂੰ ਖੱਟਣਾ ਏਂ, ਮੋਇਆਂ ਹੋਇਆਂ ਨੂੰ ਤੂੰ ਤੇ ਮਾਰਨਾ ਏ।*[5]

ਗੀਤਾ ਬਾਰੇ ਸਭ ਤੋਂ ਵੱਧ ਉਪਮਾਮਈ ਵਿਸ਼ੇਸ਼ਣਾਂ ਵਾਲੀ ਕਵਿਤਾ ਸੁਖਪਾਲ ਵੀਰ ਸਿੰਘ ਹਸਰਤ ਦੀ ਹੈ। ਇਸ ਕਵਿਤਾ ਵਿਚ ਗੀਤਾ ਨੂੰ ਕਰਮਯੋਗੀ ਬਣਾਉਣ ਵਾਲੀ, ਆਨੰਦ ਪ੍ਰਦਾਨ ਕਰਨ ਵਾਲੀ, ਅਮਰਤਵ ਬਖ਼ਸ਼ਣ ਵਾਲੀ, ਨਵਾਂ ਮਾਨਵ ਸਿਰਜਣ ਵਾਲੀ , ਕੁਰਬਾਨ ਹੋਣ ਦੀ ਪ੍ਰੇਰਣਾ ਦੇਣ ਵਾਲੀ, ਮਾਨਵੀ ਏਕਤਾ ਦਾ ਉਪਦੇਸ਼ ਦੇਣ ਵਾਲੀ, ਤਲਵਾਰ ਤੋਂ ਵੀ ਤਿੱਖੇ ਮਾਰਗ ਦਾ ਭੇਤ ਦੱਸਣ ਵਾਲੀ, ਸਰਬ ਕਾਲਾਂ ਵਾਸਤੇ ਪ੍ਰਸੰਗਿਕ ਅਕਾਲ ਬਾਣੀ ਦੇ ਤੌਰ ਤੇ ਧਿਆਇਆ ਗਿਆ ਹੈ :

*ਗੀਤਾ ਦੇ ਗੀਤ ਗਾਓ, ਹਿਰਦੇ ਦੇ ਵਿਚ ਵਸਾਓ*
*ਗੀਤਾ ਤੋਂ ਕਰਮਜੋਗੀ ਬਣ ਕੇ ਧਮਾਲ ਪਾਓ*

*ਗੀਤਾ ਅਕਾਲ ਬਾਣੀ ਰਹਿਮਤ ਇਹਦੀ ਲਾਸਾਨੀ*
*ਨੂਰੀ ਕਰਿਸ਼ਮਿਆਂ ਦੀ ਤੋਂ ਇਸ ਵਿਸ਼ਵ ਨੂੰ ਸਜਾਓ*

*ਇਹ ਕਰਮ ਦੀ ਗਲੀ ਹੈ ਸਿਰ ਧਰ ਤਲੀ ਤੇ ਆਓ*
*ਨੂਰੀ ਮੁਹੱਬਤਾਂ ਦੇ ਅੰਮ੍ਰਿਤ ਦੇ ਵਿਚ ਨਹਾਓ*

*ਤਲਵਾਰ ਤੋਂ ਵੀ ਤਿੱਖੇ ਮਾਰਗ ਦਾ ਭੇਤ ਪਾਓ*
*ਸੰਗਰਾਮ ਨਾਲ ਯਾਰੀ ਲਾਓ ਤੇ ਮੁਸਕਰਾਓ।*[6]

ਸ਼੍ਰੀਮਦ ਭਗਵਤ ਗੀਤਾ ਬਾਰੇ ਲਿਖੀ ਕੁਲਵੰਤ ਸਿੰਘ ਗਰੇਵਾਲ ਦੀ ਕਵਿਤਾ ਅਸੀਂ ਗੀਤਾ ਭੁਲਾ ਬੈਠੇ ! ਮਹਾਭਾਰਤ ਮੁਹੱਬਤ ਹੈ ? ਵੀ ਇਕ ਮਹੱਤਵਪੂਰਣ ਕਵਿਤਾ ਹੈ। ਕਵੀ ਅਨੁਸਾਰ ਇਹ ਕਵਿਤਾ ਉਸ ਨੇ ਕਿਸੇ ਚਿੰਤਕ ਦੇ ਇਸ ਕਥਨ ਦੇ ਪ੍ਰਤੀਕਰਮ ਵਜੋਂ ਲਿਖੀ ਸੀ ਕਿ : ਮਹਾਭਾਰਤ ਘਰੇ ਨਾ ਰੱਖਣੀ ਪ੍ਰੀਯ, ਇਹ ਸਰਾਪੀ ਪੁਸਤਕ ਹੈ। ਕਵੀ ਗੀਤਾ ਨੂੰ ਅੰਮ੍ਰਿਤ ਦਾ ਸਮੁੰਦਰ ਅਤੇ ਮਿੱਠੇ ਰੱਬ ਦਾ ਸੁਪਨਾ ਆਖਦਾ ਹੈ :

*ਮਹਾਭਾਰਤ ਕਹਿਣ ਲੋਕੀਂ, ਹੈ*
*ਗੁੱਝੀ ਅੱਗ ਦਾ ਸੁਪਨਾ*
*ਹੈ ਗੀਤਾ ਸੁਧਾ ਸਾਗਰ ਸੱਚ*
*ਮਿੱਠੇ ਰੱਬ ਦਾ ਸੁਪਨਾ।*[7]

ਸੁਖਚੈਨ ਮਿਸਤਰੀ ਅਪਨੀ ਕਵਿਤਾ ਵਿਚ ਆਪਣੇ ਆਪ ਨੂੰ ਉਸ ਅਰਜਨ ਦੇ ਰੂਪ ਵਿਚ ਦੇਖਦਾ ਹੈ ਜਿਸ ਨੂੰ ਕੁਫ਼ਰ, ਬੇਈਮਾਨੀ, ਕੁਨਬਾਪਰਵਰੀ ਆਦਿ ਭਰਮਾਂ ਨੇ ਘੇਰਿਆ ਹੋਇਆ ਸੀ ਤੇ ਜਿਸ ਨੂੰ ਭਗਵਾਨ ਕ੍ਰਿਸ਼ਨ ਨੇ ਮੋਹ ਤਿਆਗਣ ਦੇ ਗੀਤਾ-ਉਪਦੇਸ਼ ਨਾਲ ਨੀਂਦ ਵਿਚੋਂ ਜਗਾ ਕੇ ਆਪਣੀ ਮਿਹਰ ਨਾਲ ਵਰੋਸਾਇਆ :

*ਉਹ ਮੈਂ ਹੀ ਸਾਂ*
*ਜਿਸ ਨੇ ਕੁਫ਼ਰ, ਬੇਈਮਾਨੀ, ਕੁਨਬਾਪਰਵਰੀ ਦੇ ਸਾਹਮਣੇ*
*ਸਾਹ-ਸਤ ਹੀਣ ਹੋ ਕੇ ਸੁੱਟ ਦਿੱਤੇ ਸਨ ਹਥਿਆਰ*
*ਉਹ ਮੈਂ ਹੀ ਸਾਂ ਤੀਰ-ਅੰਦਾਜ਼, ਬਾਹੂਬਲੀ, ਅਰਜਨ*

*ਜਿਸ ਨੇ ਅਨਿਆਂ ਸਾਹਵੇਂ*
*ਧੁਰੰਤਰ ਰਿਸ਼ੀਆਂ, ਉੱਘੇ ਵਿਦਵਾਨਾਂ*
*ਅਤੇ ਆਪਣੇ ਪੁਰਖਿਆਂ ਦੀ*
*ਅਡੰਬਰੀ ਵਿਦਵਤਾ ਤੋਂ ਭੈਭੀਤ ਹੋ ਕੇ*
*ਆਤਮ ਸਮਰਪਣ ਕਰਨਾ ਚਾਹਿਆ ਸੀ*

*ਤੇ ਫੇਰ ਆਏ ਸਨ ਭਗਵਾਨ ਕ੍ਰਿਸ਼ਨ*
*ਭਗਵਾਨ ਨੇ ਜਗਾਇਆ ਮੈਨੂੰ ਮੇਰੀ ਨੀਂਦ ਚੋਂ*
*ਕ੍ਰਿਸ਼ਨ ਨੇ ਵਰੋਸਾਇਆ ਮੈਨੂੰ*
*ਆਪਣੀ ਮਿਹਰ ਦੀ ਨਜ਼ਰ ਨਾਲ*
*ਕ੍ਰਿਸ਼ਨ ਨੇ ਪੜ੍ਹਾਇਆ ਮੈਨੂੰ ਅਣਖ ਅਤੇ ਇੱਜ਼ਤ ਦਾ ਪਾਠ*

*ਉਹ ਮੈਂ ਹੀ ਸਾਂ ਜੋ ਲੜਿਆ ਹਾਂ ਵਾਰ ਵਾਰ*
*ਕ੍ਰਿਸ਼ਨ ਦੀ ਛਾਂ ਥੱਲੇ*
*ਕੁਨਬਾਪਰਵਰੀ, ਫ਼ਰੇਬ ਅਤੇ ਅਡੰਬਰੀ ਵਿਦਵਤਾ ਦੇ ਖ਼ਿਲਾਫ਼।*[8]

ਅਜੀਤ ਰਾਹੀ ਆਪਣੀ ਕਵਿਤਾ 'ਗੀਤਾ ਉਪਦੇਸ਼' ਵਿਚ ਗੀਤਾ ਨੂੰ ਆਪਣੇ ਸਮਿਆਂ ਦੇ ਇਨਕਲਾਬੀ ਸੰਘਰਸ਼ ਦੇ ਰੂਪ ਵਿਚ ਦੇਖਦਾ ਹੈ। ਉਸ ਨੇ ਕੌਰਵਾਂ ਨੂੰ ਅੰਧੇ ਅੱਤਿਆਚਾਰੀਆਂ ਦਾ ਪ੍ਰਤੀਕ ਬਣਾਇਆ ਹੈ ਤੇ ਪਾਂਡਵਾਂ ਨੂੰ ਇਨਸਾਫ਼ ਲਈ ਜੂਝਦੇ ਕ੍ਰਾਂਤੀਕਾਰੀਆਂ ਦਾ। ਉਹ ਲਿਖਦਾ ਹੈ :

*ਕੁਰੁਕਸ਼ੇਤਰ ਰਣ-ਭੂਮੀ ਵਿਚ*
*ਇਕ ਸਰੋਵਰ ਦੇ ਕੰਢੇ*
*ਭਗਵਾਨ ਕ੍ਰਿਸ਼ਨ ਯੋਧੇ ਅਰਜਨ ਨੂੰ*
*ਇੰਝ ਸ਼ਬਦ ਅਮੋਲਕ ਵੰਡੇ :*
*ਕੌਰਵ ਪੁੱਤਰ ਵੀਰ ਨਹੀਂ ਤੇਰੇ*
*ਇਹ ਤਾਂ ਰਾਹ ਦੇ ਕੰਡੇ*
*ਰਾਜ ਕਰੇਂਦੀ ਅੰਸ਼ ਅੰਨ੍ਹ ਦੀ*
*ਵਿਚ ਆਪਣਿਆਂ ਸ਼ੀਰਨੀ ਵੰਡੇ*
*ਰਾਜ ਸੱਤਾ ਤੇ ਕਾਬਜ਼ ਰਾਜਾ*
*ਉਂਝ ਵੀ ਅੰਨ੍ਹਾ ਹੋਵੇ*
*ਉਸ ਨੂੰ ਕਦੇ ਕੁਝ ਨਹੀਂ ਦਿਸਦਾ*
*ਜਨਤਾ ਕਲਪੇ ਰੋਵੇ*[9]

ਅਜਮੇਰ ਰੋਡੇ ਕਰਮ ਕਰਨ ਅਤੇ ਫਲ ਦੀ ਚਿੰਤਾ ਨਾ ਕਰਨ ਦੇ ਗੀਤਾ-ਉਪਦੇਸ਼ ਨਾਲ ਸਹਿਮਤ ਹੁੰਦਿਆਂ ਕਰਮ ਦੇ ਖੇਤਰ ਨੂੰ ਇਕ ਹੋਰ ਪਾਸਾਰ ਦਿੰਦਾ ਹੈ। ਜਿਵੇਂ ਅਰਜਨ ਲਈ ਕਰਮ ਦਾ ਅਰਥ ਹੈ ਹਥਿਆਰ ਉਠਾਉਣਾ, ਉਸੇ ਤਰਾਂ ਸਾਹਿਤਕਾਰ ਲਈ ਕਰਮ ਦਾ ਅਰਥ ਹੈ ਕਲਮ ਉਠਾਉਣਾ। ਉਹ ਲਿਖਦਾ ਹੈ :

*ਕਰਮ*
*ਹੀ ਪ੍ਰਾਣਤੱਤ*
*ਕਰਮ ਤੇ ਧਿਆਨ ਧਰ*
*ਕਰਮ ਦੇ ਫਲ ਦੀ ਚਿੰਤਾ ਨਾ ਕਰ*
*ਕਰਮ ਦਾ ਫਲ ਨਹੀਂ ਤੇਰੇ ਵੱਸ ਮਿੱਤਰ*
*ਕਰਮ ਦੀ ਹਰ ਉਲਾਂਘ ਵਿਚ ਫਲ ਦੀ ਮਹਿਕ*
*ਅਰਜਨ ਨੇ ਕ੍ਰਿਸ਼ਨ ਅੱਗੇ ਸਿਰ ਝੁਕਾਇਆ ਅਤੇ*
*ਧਨੁਖ ਉਠਾ ਲਿਆ, ਮੈਂ ਆਪਣੀ ਕਲਮ ਉਠਾ ਲਈ।*[10]

ਸਤਿੰਦਰ ਨੂਰ ਆਪਣੀ ਕਵਿਤਾ 'ਮੈਂ ਕ੍ਰਿਸ਼ਨ ਹਾਂ' ਵਿਚ ਗੀਤਾ ਦੇ ਜਿਸ ਉਪਦੇਸ਼ ਨੂੰ ਅਗਰਭੂਮੀ ਵਿਚ ਲੈ ਕੇ ਆਉਂਦੇ ਹਨ, ਉਹ ਹੈ ਸੱਚ ਦੀ ਲੜਾਈ ਲੜਨ ਵੇਲੇ ਆਪਣੇ ਸਕੇ ਸਬੰਧੀਆਂ, ਮਿੱਤਰਾਂ ਅਤੇ ਗੁਰੂ ਸਮਾਨ ਲੋਕਾਂ ਦੇ ਮੋਹ ਨੂੰ ਤਿਆਗ ਦੇਣਾ :

*ਮੈਂ ਕ੍ਰਿਸ਼ਨ ਹਾਂ, ਅਰਜਨ ਨਹੀਂ*
*ਮੈਂ ਸੱਚ ਦੀ ਖ਼ਾਤਰ ਬਹੁਤ ਨਿਰਮੋਹਿਆ ਹਾਂ*
*ਮੈਂ ਜਾਣਦਾ ਹਾਂ*
*ਸਾਹਮਣੀ ਪਾਲ ਵਿਚ ਖਲੇ*
*ਕੁਝ ਮੇਰੇ ਮਿੱਤਰ ਵੀ ਨੇ*
*ਤੇ ਕੁਝ ਉਹ ਜਿਨ੍ਹਾਂ ਦਾ ਸਤਿਕਾਰ*
*ਮੇਰੀਆਂ ਅੱਖਾਂ ਵਿਚ ਲਟਕਦਾ ਹੈ*
*ਪਰ ਸੱਚ ਦੀ ਖ਼ਾਤਰ*
*ਮੈਂ ਅਪਣੇ ਤੀਰਾਂ ਨੂੰ ਕਿਵੇਂ ਆਖ ਸਕਦਾ ਹਾਂ*
*ਕਿ ਇਨ੍ਹਾਂ ਨੂੰ ਡੰਗ ਨਾ ਮਾਰੀਂ ।*[11]

ਉਸ ਦੀ ਕਵਿਤਾ ਦੀ ਵੱਖਰਤਾ ਇਹ ਹੈ ਕਿ ਉਹ ਆਪਣੀ ਕਵਿਤਾ ਵਿਚ ਆਤਮਾ ਦੇ ਅਮਰ ਹੋਣ ਦੇ ਤਰਕ ਨੂੰ ਪ੍ਰਵਾਨ ਨਹੀਂ ਕਰਦੇ , ਇਸ ਤਰਾਂ ਉਹ ਗੀਤਾ ਦੇ ਦਰਸ਼ਨ ਨਾਲ ਅਚੇਤ ਹੀ ਇਕ ਸੰਵਾਦ ਸਿਰਜਦਾ ਹੈ :

*ਆਤਮਾ ਜਿਉਂਦੀ ਹੈ ਕਿ ਮਰਦੀ*
*ਇਹ ਕਿਸੇ ਸਤਯੁਗ , ਤ੍ਰੇਤਾ, ਦੁਆਪਰ ਦੀ ਗੱਲ ਹੋਵੇਗੀ*
*ਕਿਸੇ ਮਾਇਆ ਕਿਸੇ ਮੁਕਤੀ ਨਾਲ*
*ਮੇਰੇ ਸੱਚ ਨੂੰ ਕੋਈ ਸਰੋਕਾਰ ਨਹੀਂ*
*ਇਸ ਜੀਵਨ ਤੋਂ ਪਾਰ ਮੇਰਾ ਕੋਈ ਦਰਬਾਰ ਨਹੀਂ ।*[12]

ਕੁਝ ਨਵੇਂ ਕਵੀ ਨਵੇਂ ਯੁੱਗ ਵਿਚ ਨਵੀਂ ਗੀਤਾ ਉਚਾਰਨ ਦੀ ਲੋੜ ਦਾ ਵਿਚਾਰ ਪਰਗਟ ਕਰਦੇ ਹੋਏ ਭਗਵਾਨ ਕ੍ਰਿਸ਼ਨ ਨਾਲ ਸੰਵਾਦ ਕਰਦੇ ਹਨ। ਉਦਾਹਰਣ ਦੇ ਤੌਰ ਤੇ ਸੁਖਵਿੰਦਰ ਕੰਬੋਜ ਆਪਣੀ ਕਵਿਤਾ ਵਿਚ ਕ੍ਰਿਸ਼ਨ ਨੂੰ ਨਵੀਂ ਗੀਤਾ ਸਿਰਜਣ ਲਈ ਆਖਦੇ ਹਨ ਜਿਸ ਵਿਚ ਕਿਰਤੀ ਨੂੰ ਹਰ ਹਾਲਤ ਉਸ ਦੀ ਕਿਰਤ ਦਾ ਫ਼ਲ ਮਿਲਣ ਦੇ ਨਿਆਂਤਰਕ ਅਧਿਕਾਰ ਦੀ ਵਕਾਲਤ ਹੋਵੇ। ਤੇ ਕਿਰਤ ਦਾ ਫ਼ਲ ਨਾ ਮਿਲਣ ਦੀ ਸੂਰਤ ਵਿਚ ਕਿਰਤੀ ਨੂੰ ਅਰਜੁਨ ਵਾਂਗ ਹਥਿਆਰ ਉਠਾਉਣ ਦਾ ਉਪਦੇਸ਼ ਹੋਵੇ :

*ਹੇ ਕ੍ਰਿਸ਼ਨ*
*ਆਖ਼ਰ ਤੂੰ ਮੰਨਿਆ ਹੋਇਆ ਨੀਤੀਵਾਨ ਹੈਂ*
*ਸਾਡੀ ਮਿੱਥ ਹੈਂ ਸਾਡਾ ਭਗਵਾਨ ਹੈਂ*
*ਇਨ੍ਹਾਂ ਘਟਨਾਵਾਂ ਦੀਆਂ ਆਵਾਰਾ ਗਊਆਂ ਨੂੰ ਸਾਂਭ*
*ਫਿਰ ਹੀ ਤੂੰ ਲਿਖ ਸਕੇਂਗਾ*
*ਬੰਦੇ ਦੇ ਹਾਣ ਦੀ ਗੀਤਾ*
*ਪਰ ਇਸ ਵਾਰ ਤੈਨੂੰ ਬਦਲਣਾ ਪਵੇਗਾ*
*ਕਰਮ ਤੇ ਫਲ ਦਾ ਸਿਧਾਂਤ*
*ਤੇ ਲਿਖਣਾ ਪਵੇਗਾ*
*ਕਿ ਜੇ ਕਿਰਤ ਨੂੰ ਫਲ ਨਹੀਂ ਮਿਲਦਾ*
*ਤਾਂ ਉਸ ਲਈ ਜਾਨ ਵਾਰਨੀ ਪਵੇਗੀ*
*ਹਥਿਆਰਾਂ ਨੂੰ ਸਾਣ ਤੇ ਲਾਉਣਾ ਪਵੇਗਾ ।*[13]

ਜਗਪਾਲ ਆਪਣੀ ਕਵਿਤਾ 'ਅਰਜਨ ਦਾ ਮੋਹ' ਵਿਚ ਅਰਜਨ ਦਾ ਆਪਣਿਆਂ ਪ੍ਰਤੀ ਮੋਹ ਅਤੇ ਉਸ ਮੋਹ ਤੋ ਮੁਕਤ ਕਰਾਉਣ ਵਾਲੀ ਸ਼੍ਰੀਮਦ ਭਗਵਤ ਗੀਤਾ ਦਾ ਪੂਰਾ ਉਪਦੇਸ਼ ਸੰਖੇਪਤਾ ਨਾਲ ਬਿਆਨ ਕਰਦਾ ਹੈ। ਉਸ ਉਪਦੇਸ਼ ਦੀ ਸਚਾਈ ਨੂੰ ਵੀ ਪ੍ਰਵਾਨ ਕਰਦਾ ਹੈ ਪਰ ਨਾਲ ਹੀ ਕ੍ਰਿਸ਼ਨ ਨੂੰ ਇਹ ਵੀ ਬੇਨਤੀ ਕਰਦਾ ਹੈ ਕਿ ਭਗਵਾਨ ਹੋਣ ਦੇ ਨਾਤੇ ਕ੍ਰਿਸ਼ਨ ਮਾਨਵਤਾ ਦੇ ਨਵੇਂ ਲੇਖ ਲਿਖੇ ਜਿਸ ਸਦਕਾ ਇਹ ਖ਼ੂਨ ਖ਼ਰਾਬੇ ਅਤੇ ਜੰਗ

ਯੁੱਧ ਖ਼ਤਮ ਹੋ ਜਾਣ। ਇਹ ਬੇਨਤੀ ਕਰਮ ਦੇ ਫ਼ਲਸਫ਼ੇ ਨਾਲ ਇਕ ਗੁੱਝਾ ਸੰਵਾਦ ਹੀ ਹੈ ਜਿਸ ਵਿਚ ਅਰਜਨ ਆਖਦਾ ਹੈ :

*ਕਿਵੇਂ ਚਲਾਵਾਂ ਮੈਂ ਤੀਰ ਆਪਣਿਆਂ ਤੇ*
*ਰਹੀ ਆਤਮਾ ਮੇਰੀ ਧਿੱਕਾਰ ਮੈਨੂੰ*
*ਕਿਵੇਂ ਬੰਦ ਹੋ ਸਕਦੀ ਹੈ ਜੰਗ ਹੁਣ ਵੀ*
*ਕੋਈ ਐਸੀ ਦੱਸੋ ਵਿਚਾਰ ਮੈਨੂੰ।*[14]

ਕ੍ਰਿਸ਼ਨ ਉਸ ਨੂੰ ਵੱਖ ਵੱਖ ਦਲੀਲਾਂ ਦੇ ਕੇ ਸਮਝਾਉਂਦਾ ਹੈ :

*ਬਣ ਕਾਇਰ ਇਕ ਸੂਰਮੇ ਤੋਂ*
*ਕਾਹਤੋਂ ਆਪਣਾ ਜੱਸ ਘਟਾਉਣ ਲੱਗਾ*
*ਆਪਣੇ ਹੱਕ ਲਈ ਚੱਕ ਹਥਿਆਰ ਸੁੱਟੇ*
*ਕਾਹਤੋਂ ਲਾਵੇਂ ਬਾਹਲੀਆਂ ਦੇਰੀਆਂ ਤੂੰ*
*ਹਥਿਆਰ ਚਲਾਉਣਾਂ ਖੱਤਰੀ ਦਾ ਧਰਮ ਹੁੰਦਾ*
*ਬਾਕੀ ਛੱਡੇ ਦੇ ਤੇਰੀਆਂ ਮੇਰੀਆਂ ਤੂੰ*
*ਕਰ ਕਰਮ ਛੱਡ ਕੇ ਸਭ ਕੁਝ ਮੇਰੇ ਉੱਤੇ*
*ਲਿਆ ਦੇ ਜੰਗ ਦੇ ਵਿਚ ਨ੍ਹੇਰੀਆਂ ਤੂੰ*
*ਦੁਨੀਆਦਾਰੀਆਂ ਦਾ ਸਭ ਕੁਝ ਭੁੱਲ ਕੇ*
*ਗੱਲਾਂ ਮੰਨ ਲੈ ਪਾਰਥ ਮੇਰੀਆਂ ਤੂੰ*
*ਯਾਦ ਰੱਖ ਕੋਈ ਤੀਰ ਨਹੀਂ ਬਣਿਆਂ ਐਸਾ ਤੇਰਾ*
*ਜਿਹੜਾ ਸਕੇ ਆਤਮਾ ਨੂੰ ਮਾਰ*
*ਇਹ ਅਜਰ ਹੈ ਅਮਰ ਹੈ*
*ਭੇਸ ਧਾਰ ਕੇ ਆਵੇ ਵਾਰ ਵਾਰ*
*ਤੂੰ ਤਾਂ ਇਕ ਮੁਹਰਾ ਹੈਂ ਹੱਥ ਨਹੀਂ ਕੁਝ ਤੇਰੇ*
*ਕਰੇਂ ਜਿਵੇਂ ਚਾਹੇ ਆਪ ਕਰਤਾਰ।*[15]

ਇਸ ਕਵਿਤਾ ਦੇ ਅੰਤ ਵਿਚ ਕਵੀ ਕ੍ਰਿਸ਼ਨ ਦੇ ਈਸ਼ਵਰ ਰੂਪ ਨਾਲ ਸੰਵਾਦ ਕਰਦਾ ਹੈ ਕਿ ਜੇ ਤੂੰ ਈਸ਼ਵਰ ਹੈਂ ਤਾਂ ਫਿਰ ਇਹ ਸਭ ਕੁਝ ਇਸਤਰਾਂ ਕਿਉਂ ਹੈ ? ਤੂੰ ਬੰਦਿਆਂ ਦੇ ਚੰਗੇ ਕਰਮ ਕਿਉਂ ਨਹੀਂ ਲਿਖਦਾ :

*ਹੇ ਭਗਵਾਨ ! ਜਗਪਾਲ ਕਰੇ ਬੇਨਤੀ*
*ਵਾਂਗ ਅਰਜਨ ਦੇ ਅੱਜ ਕਿਸੇ ਦਾ ਕਿਉਂ ਨਹੀਂ ਮੋਹ-ਭੰਗ ਹੋਇਆ*
*ਭਾਈ ਭਾਈ ਦਾ ਹੀ ਕਿਉਂ ਹੈ ਵੈਰੀ ਬਣਦਾ*
*ਚੰਗਾ ਕਰਮ ਨਹੀਂ ਲਗਦਾ ਇਹ ਤੇਰਾ ਲਿਖਿਆ ਹੋਇਆ*
*ਨਵੇਂ ਲੇਖ ਲਿਖ ਸਾਰੀ ਦੁਨੀਆ ਦੇ*
*ਪੁਰਾਣਾ ਮੇਟ ਜੋ ਪਹਿਲਾਂ ਹੈ ਲਿਖਿਆ ਹੋਇਆ।*[16]

ਬੀ. ਐਸ. ਬੀਰ ਆਪਣੀ ਕਵਿਤਾ 'ਕ੍ਰਿਸ਼ਨ ਮੁਰਲੀ ਹੀ ਵਜਾ' ਵਿਚ ਕ੍ਰਿਸ਼ਨ ਨੂੰ ਮੁਖ਼ਾਤਿਬ ਹੁੰਦਿਆਂ ਆਖਦਾ ਹੈ ਕਿ ਤੂੰ ਮੁਰਲੀ ਹੀ ਵਜਾ ਜੋ ਕਿ ਲੱਖਾਂ ਲੋਕਾਂ, ਪਸ਼ੂ ਪੰਛੀਆਂ, ਗੋਪੀਆਂ, ਰਾਧਾ ਅਤੇ ਮੀਰਾ ਦੇ ਰੂਹ ਨੂੰ ਧੂਹ ਪਾਉਂਦੀ ਰਹੀ ਹੈ। ਤੇਰਾ ਗੀਤਾ-ਉਪਦੇਸ਼ ਤਾਂ ਪਾਂਡਵਾਂ ਅਤੇ ਕੌਰਵਾਂ ਨੂੰ ਵਿਨਾਸ਼ ਤੋਂ ਬਚਾ ਸਕਿਆ। ਬੀਰ ਬਹੁਤ ਸਾਰੇ ਹੋਰ ਕਵੀਆਂ ਦੇ ਵਿਪਰੀਤ ਬੰਸੀ ਨੂੰ ਗੀਤਾ-ਉਪਦੇਸ਼ ਤੋਂ ਵੱਧ ਤਰਜੀਹ ਦੇਂਦਾ ਹੈ :

*ਮੁਰਲੀ*
*ਜਜ਼ਬਿਆਂ ਦੀ ਗੀਤਾ ਬਣ*
*ਹਰ ਮਨ ਨੂੰ ਅਰਜਨਾਉਂਦੀ ਰਹੀ*
*ਮਨ ਮਨ ਚ ਘੋਰੂ ਪਾਉਂਦੀ ਰਹੀ*
*ਮੁਰਲੀ*
*ਹਰ ਯੁਗ ਚ*

*ਸੰਗੀਤ ਜਿਗਿਆਸੂਆਂ ਨੂੰ*
*ਮੂਕ ਤੇ ਅਣਸੁਣੀ ਧੁਨ ਸੁਣਾਉਂਦੀ ਰਹੀ*
*ਹਰ ਸੰਗੀਤ ਮਹਿਫ਼ਿਲ ਨੂੰ ਮਹਿਕਾਉਂਦੀ ਰਹੀ*
*ਬਸਤੀ ਬਸਤੀ*
*ਲੋਕਾਂ ਨੂੰ*
*ਬੈਜੂ ਬਾਵਰੇ ਬਣਾਉਂਦੀ ਰਹੀ*
*ਭਗਵਤ ਗੀਤਾ ਦੀ ਮੁਰਲੀ*
*ਭਗਵਤ ਗੀਤਾ ਦੀ ਧੁਨ*
*ਸਿਰਫ਼ ਅਰਜਨ ਹੀ ਸੀ ਸੁਣ ਸਕਿਆ*
*ਦੁਆਪਰ ਚ*
*ਮਹਾਭਾਰਤ ਚ*
*ਵਿਸ਼ਨੂੰ ਅਵਤਾਰ*
*ਕ੍ਰਿਸ਼ਨ*
*ਭਗਵਤ ਗੀਤਾ ਦਾ ਉਪਦੇਸ਼*
*ਸਿਰਫ਼ ਅਰਜਨ ਨੂੰ ਹੀ ਸੀ ਸਮਝਾ ਸਕਿਆ*
*ਕੌਰਵਾਂ*
*ਪਾਂਡੂ, ਧ੍ਰਿਤਰਾਸ਼ਟਰ, ਭੀਮ, ਨਕੁਲ, ਸਹਿਦੇਵ*
*ਕਿਸੇ ਵੀ ਮਨ ਨੂੰ*
*ਭਗਵਤ ਗੀਤਾ ਦਾ ਸੰਦੇਸ਼ ਨਾ ਭਰਮਾ ਸਕਿਆ*
*ਕਰਮ ਧਰਮ ਦਾ ਰਹੱਸ ਨਾ ਸਮਝਾ ਸਕਿਆ*
*ਭਗਵਤ ਗੀਤਾ ਦਾ ਉਪਦੇਸ਼*
*ਕੌਰਵਾਂ ਪਾਂਡਵਾਂ ਨੂੰ*
*ਮਹਾਭਾਰਤ ਤੋਂ ਨਾ ਬਚਾ ਸਕਿਆ ।*[17]

ਸੰਤੋਖ ਸਿੰਘ ਧੀਰ ਆਪਣੀ ਕਵਿਤਾ 'ਗੀਤਾ' ਵਿਚ ਗੀਤਾ ਦੇ ਉਪਦੇਸ਼ ਨਾਲ ਇਕ ਕਟਾਕਸ਼ਮਈ ਸੰਵਾਦ ਰਚਾਉਂਦਾ ਹੈ। ਆਤਮਾ ਨੂੰ ਅਮਰ ਅਤੇ ਸਾਰਥਕ ਅਤੇ ਸਰੀਰ ਨੂੰ ਨਾਸ਼ਵਾਨ ਅਤੇ ਨਿਰਾਰਥਕ ਸਮਝਣ ਦੇ ਫ਼ਲਸਫ਼ੇ ਨਾਲ ਉਹ ਅਸਹਿਮਤੀ ਦਾ ਪ੍ਰਵਚਨ ਸਿਰਜਦਾ ਹੈ :

*ਅਰਜੁਨ ! ਗਿਆਨੀ ਬਣ*
*ਜੀਵ-ਆਤਮਾ ਅਮਰ ਏ*
*ਸ਼ਰੀਰ ਨਾਸ਼ਵੰਤ ਏ*
*ਇਸ ਸ਼ਰੀਰ ਦੀ ਗੱਲ ਨਾ ਕਰ*
*ਮੇਰੀ ਸਿੱਖਿਆ ਇਹੋ ਏ*
*ਕਰਮ ਕਰ ਤੇ ਫਲ ਨਾ ਮੰਗ*
*ਭਗਵਾਨ ! ਮੈਂ ਕੀ ਕਰਾਂ ?*
*ਮੈਨੂੰ ਭੁੱਖ ਲਗਦੀ ਏ*
*ਕੱਪੜਿਆਂ ਦੀ ਲੋੜ ਏ ।*[18]

ਗੀਤਾ ਬਾਰੇ ਆਪਣੀ ਦੂਸਰੀ ਕਵਿਤਾ 'ਉੱਠ ਬਲੀ ਅਰਜੁਨ' ਵਿਚ ਸੰਤੋਖ ਸਿੰਘ ਧੀਰ ਨਵੇਂ ਯੁੱਗ ਦੇ ਅਰਜੁਨ ਨੂੰ ਨਵੇਂ ਯੁਗ ਦਾ ਸਮਾਜਵਾਦੀ ਗੀਤਾ-ਉਪਦੇਸ਼ ਦਿੰਦੇ ਹਨ :

*ਹੇ ਅਰਜੁਨ !*
*ਅੱਜ ਹਥਿਆਰ*
*ਕੇਵਲ ਧਨੁਸ਼ ਬਾਣ ਹੀ ਨਹੀਂ*
*ਦਾਤੀ ਵੀ ਹਥਿਆਰ ਹੈ*

*ਹਥੌੜਾ ਵੀ*
*ਤੇ ਕਲਮ ਵੀ*
*ਮਹਾਭਾਰਤ*
*ਹਲ ਦੀ ਨੋਕ ਨਾਲ ਵੀ ਲੜਿਆ ਜਾਂਦਾ ਹੈ*
*ਕਲਰਕ ਦੀ ਕਲਮ ਨਾਲ ਵੀ।*
*ਅਰਜੁਨ !*
*ਤੇਰਾ ਕੁਰੂਕਸ਼ੇਤਰ*
*ਭਾਰਤ ਵਿਚ ਹੀ ਨਹੀਂ ਹੈ*
*ਅੱਜ ਤੇਰਾ ਕੁਰੂਕਸ਼ੇਤਰ*
*ਲਗਭਗ ਸਾਰਾ ਜਗਤ ਹੈ।*[19]

ਮੋਹਨ ਗਿੱਲ ਆਪਣੀ ਕਵਿਤਾ 'ਇਕ ਹੋਰ ਮਹਾਭਾਂਰਤ' ਵਿਚ ਕੁਰੂਕਸ਼ੇਤਰ ਨੂੰ ਅਜੋਕੇ ਕਿਸਾਨ ਮੋਰਚੇ ਨਾਲ ਜੋੜ ਕੇ ਗੀਤਾ ਦਾ ਹਵਾਲਾ ਦਿੰਦਾ ਹੈ :

*ਪੰਜ ਪਾਂਡਵ ਕਿਸਾਨਾਂ ਦੇ ਆਗੂ*
*ਬਣ ਕੇ ਸਾਰਥੀ ਉਚਾਰ ਰਹੇ ਨੇ*
*ਇੱਕੀਵੀਂ ਸਦੀ ਦੀ ਨਵੀਂ ਗੀਤਾ।*[20]

ਡਾ ਸੁਸ਼ੀਲ ਰਹੇਜਾ ਦੀ ਕਵਿਤਾ 'ਹੇ ਕ੍ਰਿਸ਼ਨ' ਵਿਚ ਵੀ ਗੀਤਾ ਨਾਲ ਇਕ ਵਿਲੱਖਣ ਸੰਵਾਦ ਸਿਰਜਿਆ ਗਿਆ ਹੈ। ਇਸ ਕਵਿਤਾ ਵਿਚ ਕਵੀ ਹਰ ਵਿਵਾਦ ਵੇਲੇ ਖ਼ੂਨੀ ਟੱਕਰ ਨੂੰ ਟਾਲਣ ਲਈ ਆਤਮ-ਪੜਚੋਲ ਦੀ ਕਰਨ ਦੀ ਲੋੜ ਨੂੰ ਦ੍ਰਿੜਾਉਂਦਾ ਹੈ। ਸਰੀਰ ਅਤੇ ਆਤਮਾ ਦੇ ਦੁਫਾੜ ਦੀ ਦਲੀਲ ਪ੍ਰਤੀ ਉਦਾਸੀਨਤਾ ਦਾ ਇਜ਼ਹਾਰ ਕਰਦਿਆਂ ਕਵੀ ਹਿੰਸਾ ਦੇ ਫ਼ਲਸਫ਼ੇ ਦਾ ਵਿਰੋਧ ਕਰਦਾ ਹੈ :

*ਹੇ ਕ੍ਰਿਸ਼ਨ*
*ਮੈਨੂੰ ਮਾਫ਼ ਕਰ ਦਿਓ*
*ਮੈਂ ਆਪਣਿਆਂ ਦਾ ਸਾਹਮਣਾ ਨਹੀਂ ਕਰ ਸਕਦਾ*
*ਕਿਉਂਕਿ*
*ਮੈਂ ਜਾਣਦਾ ਹਾਂ*
*ਕਿਸੇ ਨਾ ਕਿਸੇ ਗਲਤੀ ਵਿਚ*
*ਮੇਰਾ ਵੀ ਕਸੂਰ ਹੋ ਸਕਦਾ ਹੈ*
*ਮੈਨੂੰ*
*ਆਤਮਾ ਤੇ ਸਰੀਰ ਦੀ ਬਾਤ ਨ ਪਾਓ*
*ਮੈਨੂੰ ਜਬਾੜਿਆਂ ਚ ਸਿਮਟੀ ਸ੍ਰਿਸ਼ਟੀ ਨਾ ਵਖਾਓ*
*ਮੈਂ ਨਾ ਤਾਂ ਹਸਤਨਾਪੁਰ ਜਿੱਤਣਾ ਏ*
*ਨਾ ਹੀ ਕਿਸੇ ਦੁਸਾਸ਼ਨ ਨੂੰ ਸਬਕ ਸਿਖਾਣਾ ਏ*
*ਹਾਂ ਜੇਕਰ ਮੈਂ ਯੁੱਧ ਕਰਨਾ ਵੀ ਹੋਇਆ*
*ਤਾਂ ਫਿਰ*
*ਆਪਣਾ ਤਰਕਸ਼ ਆਪ ਟੰਗਾਂਗਾ*
*ਆਪਣਾ ਬਾਣ ਆਪ ਚੁੱਕਾਂਗਾ*
*ਆਪਣਾ ਤਿਲਕ ਆਪ ਕਰਾਂਗਾ*
*ਭਗਵਾਨ ਨਾਲ ਤਾਂ ਕੋਈ ਵੀ ਜਿੱਤ ਸਕਦਾ ਹੈ।* [21]

ਸਵੀ ਦੀ ਸਿਰਲੇਖ ਰਹਿਤ ਕਵਿਤਾ ਵਿਚ ਵੀ ਗੀਤਾ ਨਾਲ ਸੰਵਾਦ ਮਿਲਦਾ ਹੈ। ਸਵੀ ਦੀ ਦਲੀਲ ਹੈ ਕਿ ਕ੍ਰਿਸ਼ਨ ਆਪਣੇ ਉਪਦੇਸ਼ ਨਾਲ ਅਰਜੁਨ ਨੂੰ ਵਿਚਾਰ ਅਤੇ ਭਾਵ ਤੋ ਵਿਹੂਣਾ ਕਰ ਕੇ ਆਪਣੀ ਇੱਛਾ ਨੂੰ ਹੀ ਉਸ ਦੀ ਇੱਛਾ ਬਣਾ ਦਿੰਦਾ ਹੈ :

*ਤੀਰ*
*ਅਰਜਨ ਨਹੀਂ*
*ਕ੍ਰਿਸ਼ਨ ਚਲਾ ਰਿਹਾ*
*ਰਿਸ਼ਤੇ*
*ਨੈਤਿਕਤਾ*
*ਸਨਮਾਨ*
*ਕੀ ਅਰਥ ਰੱਖਦੇ*
*ਭਰਾਵਾਂ ਲਈ*
*ਫ਼ੈਸਲਾ ਤਾਂ*
*ਕ੍ਰਿਸ਼ਨ ਨੇ ਕਰਨਾ।*[22]

ਡਾ. ਗੁਰਨਾਇਬ ਸਿੰਘ ਆਪਣੀ ਕਵਿਤਾ 'ਨਿਆਰੀ ਲੀਲ੍ਹਾ' ਵਿਚ ਸ਼੍ਰੀਮਦ ਭਗਵਤ ਗੀਤਾ ਦੇ ਪ੍ਰਸਿੱਧ ਵਾਕ : ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ ,ਓਦੋਂ ਓਦੋਂ ਮੈਂ ਧਰਤੀ ਤੇ ਅਵਤਾਰ ਧਾਰਦਾ ਹਾਂ ਤੇ ਧਰਤ ਉੱਤੇ ਧਰਮ ਨੂੰ ਮੁੜ ਸਥਾਪਿਤ ਕਰਦਾ ਹਾਂ ,ਨਾਲ ਗਹਿਰਾ ਸੰਵਾਦ ਕਰਦਿਆਂ ਲਿਖਦੇ ਹਨ :

*ਅੱਕ ਗਿਆ ਹਾਂ ਮੈਂ*
*ਕ੍ਰਿਸ਼ਨ ਦੇ ਇਹ ਗੀਤਾ-ਬੋਲ ਸੁਣ ਸੁਣ*
*ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ*
*ਓਦੋਂ ਓਦੋਂ ਮੈਂ ਅਵਤਾਰ ਧਾਰਦਾ ਹਾਂ*
*ਤੇ ਧਰਤ ਉੱਤੇ ਧਰਮ ਨੂੰ ਮੁੜ ਸਥਾਪਿਤ ਕਰਦਾ ਹਾਂ*
*ਜਾਣੀ ਜਾਣ ਮੇਰੇ ਰੱਬ ਜੀ*
*ਤੁਸੀਂ ਹਾਨੀ ਤੋਂ ਪਹਿਲਾਂ ਹੀ ਅਵਤਾਰ ਕਿਉਂ ਨਹੀਂ ਧਾਰਦੇ ?*[23]

ਸੁਰਜੀਤ ਪਾਤਰ ਆਪਣੀ ਕਵਿਤਾ 'ਕ੍ਰਿਸ਼ਨ ਅਰਜਨ ਸੰਵਾਦ' ਵਿਚ ਕ੍ਰਿਸ਼ਨ ਅਰਜਨ ਸੰਵਾਦ ਦਾ ਵਿਚਾਰਧਾਰਕ ਵਿਸ਼ਲੇਸ਼ਣ ਕਰਦਿਆਂ ਅਰਜਨ ਦੀ ਦੁਬਿਧਾ ਨੂੰ ਪਾਵਨ ਆਖਦਾ ਹੈ, ਜਿਹੜੀ ਦੁਬਿਧਾ ਯੁੱਧ ਦੀ ਮਾਰੂ ਭਿਆਨਕਤਾ ਤੋਂ ਬਚਣਾ ਚਾਹੁੰਦੀ ਹੈ ਤੇ ਰਾਜ ਭਾਗ ਤੋਂ ਵੀ ਜ਼ਿਆਦਾ ਆਪਣੇ ਪਿਆਰਿਆਂ ਦੀਆਂ ਜਾਨਾਂ ਨੂੰ ਪਿਆਰ ਕਰਦੀ ਹੈ, ਜਦ ਕਿ ਗੀਤਾ ਵਿਚ ਕ੍ਰਿਸ਼ਨ ਦਾ ਕਥਨ ਹੈ : ਮੌਤ ਕੁਝ ਨਹੀਂ ਹੁੰਦੀ। ਆਦਮੀ ਸਿਰਫ਼ ਜਾਮਾ ਬਦਲਦਾ ਹੈ। ਉਸ ਦੀ ਆਤਮਾ ਨਹੀਂ ਮਰਦੀ। ਸੁਰਜੀਤ ਪਾਤਰ ਲਿਖਦਾ ਹੈ :

*ਭਗਵਾਨ ਕ੍ਰਿਸ਼ਨ ਤਾਂ ਨਿਰਸੰਦੇਹ ਪਾਵਨ ਹਨ*
*ਸਭ ਪਾਵਨ ਗ੍ਰੰਥ ਮੰਨਦੇ ਹਨ*
*ਪਰ ਅਰਜੁਨ ਦੀ ਦੁਬਿਧਾ ਵਿਚ ਵੀ ਕਿੰਨੀ ਪਾਵਨਤਾ ਸੀ*
*ਕਿੰਨੀ ਮਾਨਵਤਾ*
*ਮਾਸੂਮੀਅਤ,*
*ਕਿੰਨੀ ਨਿਸ਼ਕਾਮਤਾ*
*ਜੀਊਂਦਿਆਂ ਜਾਨਾਂ ਨਾਲ ਕਿੰਨਾ ਪਿਆਰ ਸੀ*
*ਧਰਤੀ ਤੇ ਡੁੱਲ੍ਹਣ ਵਾਲੀ ਰੱਤ ਦਾ ਕਿੰਨਾ ਹੌਲ ਸੀ*
*ਕਿ ਉਹ ਸ਼ਸਤਰ ਸੁੱਟ ਦਿੰਦਾ ਹੈ।*
*ਕ੍ਰਿਸ਼ਨ ਅਰਜੁਨ ਨੂੰ ਆਖਦੇ ਹਨ*
*ਹੇ ਪਾਰਥ*
*ਜੇ ਤੂੰ ਯੁੱਧ ਵਿਚ ਮਾਰਿਆ ਗਿਆ*
*ਤਾਂ ਤੈਨੂੰ ਸੁਰਗ ਮਿਲੇਗਾ*
*ਜੇ ਤੈਨੂੰ ਜਿੱਤ ਪ੍ਰਾਪਤ ਹੋਈ*
*ਤਾਂ ਤੂੰ ਪ੍ਰਿਥਵੀ ਦਾ ਰਾਜ ਭੋਗੇਂਗਾ।*
*ਪਰ ਅਰਜੁਨ ਦਾ ਦੁੱਖ ਇਸ ਤੋਂ ਗਹਿਰਾ ਹੈ*

*ਉਹ ਕਹਿੰਦਾ ਹੈ :*
*ਹੇ ਪ੍ਰਭੂ*
*ਜੇ ਮੈਨੂੰ ਧਰਤੀ ਉੱਤੇ ਵੈਰੀਆਂ ਤੋਂ ਮੁਕਤ ਖੁਸ਼ਹਾਲ ਰਾਜ ਵੀ ਪ੍ਰਾਪਤ ਹੋ ਜਾਵੇ*
*ਜਾਂ ਮੈਨੂੰ ਦੇਵਤਿਆਂ ਉੱਪਰ ਰਾਜ ਵੀ ਮਿਲ ਜਾਵੇ*
*ਤਾਂ ਵੀ ਮੈਨੂੰ ਇਹੋ ਜਿਹਾ ਕੋਈ ਉਪਾਅ ਨਹੀਂ ਮਿਲੇਗਾ*
*ਜੋ ਮੇਰੇ ਮਨ ਦਾ ਸੋਗ ਮਿਟਾ ਦੇਵੇ।*[24]

ਆਪਣੀ ਇਕ ਹੋਰ ਕਵਿਤਾ ਵਿਚ ਸੁਰਜੀਤ ਪਾਤਰ ਲਿਖਦੇ ਹਨ :

*ਰੋਂਦੀਆਂ ਲੱਖ ਕਰੋੜਾਂ ਮਾਂਵਾਂ*
*ਧੀਆਂ, ਭੈਣਾਂ, ਨਾਰਾਂ*
*ਜਿਨ੍ਹਾਂ ਦੇ ਬਾਂਕੇ ਘਰੀਂ ਨਾ ਆਏ।*
*ਰੋਂਦੀ ਮਾਂ ਗੰਧਾਰੀ*
*ਮੋਏ ਸੌ ਪੁੱਤਰਾਂ ਦੀ ਮਾਂ*
*ਦੁੱਖ ਵਿਚ ਕ੍ਰਿਸ਼ਨ ਨੂੰ ਦਿੰਦੀ ਘੋਰ ਸਰਾਪ।*

ਨਵਤੇਜ ਭਾਰਤੀ ਆਪਣੀ ਕਵਿਤਾ 'ਅੱਖਾਂ ਵਾਲ਼ੇ ਤੀਰ' ਵਿਚ ਕ੍ਰਿਸ਼ਨ ਦੇ ਅਰਜਨ ਨੂੰ ਕਹੇ ਇਸ ਵਾਕ ਕਿ ਤੇਰੇ ਸਾਹਮਣੇ ਖੜ੍ਹੇ ਇਹ ਮਾਨਵ ਤਾਂ ਪਹਿਲਾਂ ਹੀ ਮਰੇ ਹੋਏ ਹਨ, ਨਾਲ ਸੰਵਾਦ ਕਰਦਿਆਂ ਕ੍ਰਿਸ਼ਨ ਨੂੰ ਆਖਦੇ ਹਨ ਕਿ ਮੈਨੂੰ ਅੱਖਾਂ ਵਾਲੇ ਤੀਰ ਦਿਓ, ਮੇਰੇ ਕੋਲ ਜੋ ਤੀਰ ਹਨ, ਉਹ ਅੰਨ੍ਹੇ ਹਨ :

*ਗੁਰੂਵਰ*
*ਮੇਰੇ ਤੀਰ ਅੰਨ੍ਹੇ ਹਨ*
*ਮੈਨੂੰ ਅੱਖਾਂ ਵਾਲੇ ਤੀਰ ਬਖ਼ਸ਼ੋ*
*ਬਖ਼ਸ਼ੋ ਮੈਨੂੰ ਉਹ ਤੀਰ*
*ਜਿਹਨਾਂ ਵਿਚੋਂ ਪਿਆਸਿਆਂ ਲਈ*
*ਪਾਣੀ ਸਿੰਮਦਾ ਹੈ*
*ਤੇ ਜਦੋ*
*ਅਰਜਨ ਦੀ ਤੀਜੀ ਅੱਖ ਖੁੱਲ੍ਹੀ*
*ਉਸ ਦੇ ਭੱਥੇ ਵਿਚ*
*ਅੱਖਾਂ ਵਾਲੇ ਤੀਰ ਸਨ*
*ਮਸ਼ਕਾਂ ਵਾਲ਼ੇ ਤੀਰ ਸਨ*
*ਅਰਜਨ ਬ੍ਰਹਮ ਗਿਆਨੀ ਸੀ*
*ਉਹ ਭਾਈ ਘਨਈਆ*
*ਬਣ ਗਿਆ ਸੀ।*[25]

ਅਰਕਮਲ ਕੌਰ ਇਕੋ ਇਕ ਨਾਰੀ ਸਾਹਿਤਕਾਰ ਹੈ ਜਿਸ ਨੇ ਸ਼੍ਰੀਮਦ ਭਗਵਤ ਗੀਤਾ ਦੇ ਫ਼ਲਸਫ਼ੇ ਨਾਲ ਸੰਵਾਦ ਰਚਾਇਆ ਹੈ। ਉਹ ਆਪਣੀ ਕਵਿਤਾ ਯੁੱਧ ਮਹਾਂਭਾਰਤ ਵਿਚ ਬਹੁਤ ਆਤਮ-ਵਿਸ਼ਵਾਸ ਨਾਲ ਆਪਣੀ ਮੌਲਿਕ ਸੋਚ ਦੀ ਧਾਰਨੀ ਹੋਣ ਦਾ ਐਲਾਨ ਕਰਦੀ ਹੈ :

*ਇਸ ਯੁੱਧ ਦੀ ਮੈਂ ਹੀ ਅਰਜਨ*
*ਤੇ ਮੈਂ ਹੀ ਕ੍ਰਿਸ਼ਨ*
*ਮੈਂ ਹੀ ਦੁਚਿੱਤੀ ਚ ਫਸਦੀ*
*ਮੈਂ ਹੀ ਉਪਦੇਸ਼ ਦਿੰਦੀ ਤੇ ਮੈਂ ਹੀ ਅੱਗੇ ਵਧਦੀ*
*ਮੇਰੇ ਸਾਹਮਣੇ ਕਿੰਨੀਆਂ ਸਤਿਆਵਤੀਆਂ*
*ਪਾਂਡਵਾਂ ਦੇ ਪੁਰਖੇ ਜਨਮਾਉਂਦੀਆਂ*
*ਕਿੰਨੀਆਂ ਹੀ ਕੁੰਤੀਆਂ*
*ਕਿੰਨੇ ਹੀ ਕਰਨ ਵਿਸਾਰਦੀਆਂ*

*ਤੇ ਕਿੰਨੀਆਂ ਹੀ ਦ੍ਰੋਪਦੀਆਂ*
*ਭਰੀ ਸਭਾ ਚ ਲੁੱਟੀਆਂ ਜਾਂਦੀਆਂ* ।[26]

ਆਧੁਨਿਕ ਪੰਜਾਬੀ ਕਵੀਆਂ ਦੇ ਗੀਤਾ ਸੰਗ ਸੰਵਾਦ ਵਿਚ ਭਾਵਾਂ ਅਤੇ ਵਿਚਾਰਾਂ ਦੀ ਵੰਨ-ਸੁਵੰਨਤਾ ਬਹੁਤ ਸਾਰਥਕ ਅਤੇ ਮਹੱਤਵਪੂਰਣ ਹੈ। ਕੁਝ ਕਵੀਆਂ ਨੇ ਇਸ ਨੂੰ ਕਰਮਯੋਗੀ ਬਣਾਉਣ ਵਾਲਾ ਮਹਾਨ ਸੂਰਜ ਤੇ ਅਕਾਲ ਬਾਣੀ ਕਿਹਾ। ਕੁਝ ਕਵੀਆਂ ਲਈ ਕ੍ਰਿਸ਼ਨ ਪ੍ਰੇਰਣਾ ਸ੍ਰੋਤ ਬਣਿਆ ਪਰ ਕੁਝ ਕਵੀਆਂ ਨੂੰ ਅਰਜਨ ਦੀ ਦੁਬਿਧਾ ਪਾਵਨ ਪ੍ਰਤੀਤ ਹੋਈ। ਆਤਮਾ ਦੀ ਅਮਰਤਾ, ਸਰੀਰ ਦੀ ਨਾਸ਼ਮਾਨਤਾ, ਹਿੰਸਾ ਅਤੇ ਅਹਿੰਸਾ ਆਦਿ ਵਿਚਾਰਾਂ ਦੇ ਮੰਥਨ ਸਦਕਾ ਇਹ ਸੰਵਾਦ ਬਹੁਤ ਵੱਡੇ ਮਹੱਤਵ ਦਾ ਧਾਰਨੀ ਹੋ ਜਾਂਦਾ ਹੈ।

**ਹਵਾਲੇ :**


1. ਸ. ਸ. ਅਮੋਲ ( ਸੰ. ) **ਚਾਤ੍ਰਿਕ ਰਚਨਾਵਲੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 720
2. ਹਰਿੰਦਰ ਸਿੰਘ ਰੂਪ, **ਮਨੁੱਖ ਦੀ ਵਾਰ**, ਸਿੱਖ ਪਬਲਿਸ਼ਿੰਗ ਹਾਊਸ ਲਿਮਿਟਿਡ, ਅੰਮ੍ਰਿਤਸਰ, ਨਵੀਂ ਦਿੱਲੀ, 1956, ਪੰਨਾ 40
3. ਸਤਿੰਦਰ ਸਿੰਘ ( ਸੰ.) , **ਬਰਕਤ ਰਾਮ ਯੁਮਨ ਜੀਵਨ ਤੇ ਰਚਨਾ**, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1979, ਪੰਨਾ 96
4. ਪੁਰਸ਼ੋਤਮ ਲਾਲ ਵਹਿਸ਼ੀ, **ਅਣਖ**, ਦੀਪਕ ਪਬਲਿਸ਼ਰਜ਼, ਜਲੰਧਰ, 1994, ਪੰਨਾ 48
5. **ਓਹੀ**, ਪੰਨਾ 49
6. ਬਲਦੇਵ ਸਿੰਘ ਬੱਦਨ, ਧਰਮਪਾਲ ਸਿੰਗਲ ( ਸੰ. ) **ਆਧੁਨਿਕ ਕਾਲ ਦਾ ਕ੍ਰਿਸ਼ਨ ਕਾਵਿ**, ਲਕਸ਼ਯ ਪਬਲੀਕੇਸ਼ਨ, ਦਿੱਲੀ, 2017, ਪੰਨਾ 37
7. ਕੁਲਵੰਤ ਸਿੰਘ ਗਰੇਵਾਲ, **ਅਸੀਂ ਪੁੱਤ ਦਰਿਆਵਾਂ ਦੇ**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ 27
8. ਬਲਦੇਵ ਸਿੰਘ ਬੱਦਨ, ਧਰਮਪਾਲ ਸਿੰਗਲ ( ਸੰ. ) **ਆਧੁਨਿਕ ਕਾਲ ਦਾ ਕ੍ਰਿਸ਼ਨ ਕਾਵਿ**, ਲਕਸ਼ਯ ਪਬਲੀਕੇਸ਼ਨ, ਦਿੱਲੀ, 2017, ਪੰਨਾ 57
9. ਅਜੀਤ ਰਾਹੀ, **ਸਤਰੰਗੀ**, ਸੰਗਮ ਪਬਲੀਕੇਸ਼ਨ, ਸਮਾਣਾ, 2009, ਪੰਨਾ 37
10. ਅਜਮੇਰ ਰੋਡੇ, **ਲੀਲਾ**, ਰੇਨਬਰਡ ਪ੍ਰੈੱਸ ਵੈਨਕੂਵਰ, ਲੰਡਨ, 1999, ਪੰਨਾ 50
11. ਬਲਦੇਵ ਸਿੰਘ ਬੱਦਨ, ਧਰਮਪਾਲ ਸਿੰਗਲ ( ਸੰ. ) **ਆਧੁਨਿਕ ਕਾਲ ਦਾ ਕ੍ਰਿਸ਼ਨ ਕਾਵਿ**, ਲਕਸ਼ਯ ਪਬਲੀਕੇਸ਼ਨ, ਦਿੱਲੀ, 2017, ਪੰਨਾ 56
12. **ਓਹੀ**, ਪੰਨਾ 57
13. **ਓਹੀ**, ਪੰਨਾ 60
14. **ਓਹੀ**, ਪੰਨਾ 210
15. **ਓਹੀ**, ਪੰਨਾ 211
16. **ਓਹੀ**, ਪੰਨਾ 211
17. **ਓਹੀ**, ਪੰਨਾ 275
18. ਸੰਤੋਖ ਸਿੰਘ ਧੀਰ, **ਸੰਜੀਵਨੀ**, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1983, ਪੰਨਾ 55
19. **ਓਹੀ**, ਪੰਨਾ 113
20. ਮੋਹਨ ਗਿੱਲ, **ਦੇਸ਼ ਸੇਵਕ**, ਮਈ, 23, 2021
21. ਸੁਸ਼ੀਲ ਰਹੇਜਾ, **ਅਗਲੇ ਜਨਮ ਚ ਲਿਖਾਂਗਾ**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ 86
22. ਸਵਰਨਜੀਤ ਸਵੀ, **ਉਦਾਸੀ ਦਾ ਲਿਬਾਸ**, ਸ਼ਬਦਲੋਕ, ਲੁਧਿਆਣਾ, 2022, ਪੰਨਾ 32
23. ਹੁਣ-30, ਮਈ-ਅਗਸਤ, 2015
24. ਅਣਛਪੀ
25. ਨਵਤੇਜ ਭਾਰਤੀ, **ਲੀਲਾ**, ਰੇਨਬਰਡ ਪ੍ਰੈੱਸ ਵੈਨਕੂਵਰ, ਲੰਡਨ, 1999, ਪੰਨਾ 212
26. ਅਰਕਮਲ ਕੌਰ, **ਸਰੂ**, ਜੁਲਾਈ-ਸਤੰਬਰ, 2003